| Centre Number | | | | | | Candidate Number | | | | |
|---|---|---|---|---|---|---|---|---|---|---|
| Surname | | | | | | | | | | |
| Other Names | | | | | | | | | | |
| Candidate Signature | | | | | | | | | | |

| For Examiner's Use | |
|---|---|
| | |
| Examiner's Initials | |
| | |
| Section | Mark |
| 1 | |
| 2 | |
| 3 | |
| TOTAL | |

General Certificate of Education
Advanced Subsidiary Examination
June 2009

# Panjabi PANJ1

## Unit 1 Reading and Writing

Thursday 14 May 2009 1.30 pm to 4.00 pm

**For this paper you must have:**
- the text for Section 1 on an insert (enclosed).

**Time allowed**
- 2 hours 30 minutes

**Instructions**
- Use black ink or black ball-point pen.
- Fill in the boxes at the top of this page.
- Answer **all** questions.
- You must answer the questions in the spaces provided. Answers written in margins or on blank pages will not be marked.
- Do all rough work in this book. Cross through any work you do not want to be marked.

**Information**
- The marks for questions are shown in brackets.
- The maximum mark for this paper is 100.
- You must **not** use a dictionary.
- You should note that the quality of your written language in both Panjabi and English will be taken into account when awarding marks.
- If you need extra paper, use the Additional Answer Sheets.
- This unit is divided into three sections.
  Section 1 45 marks
  Section 2 10 marks
  Section 3 45 marks

Areas outside the box will not be scanned for marking

## ਸੈਕਸ਼ਨ 1

ਨਾਲ ਦਿੱਤੀ ਵਾਰਤਾ ਨੂੰ ਧਿਆਨ ਨਾਲ ਪੜ੍ਹੋ ਅਤੇ ਇਸ ਤੇ ਅਧਾਰਿਤ ਅੱਗੇ ਦਿੱਤੇ ਪ੍ਰਸ਼ਨਾਂ ਦੇ ਉੱਤਰ ਪੰਜਾਬੀ ਵਿੱਚ ਲਿਖੋ। ਚੰਗੀ ਭਾਸ਼ਾ ਲਈ 10 ਨੰਬਰ ਰਾਖਵੇਂ ਹਨ।

**1** ਵਾਰਤਾ ਅਨੁਸਾਰ ਬੋਲੀ ਦਾ ਗਿਆਨ ਹੋਣਾ ਕਿਉਂ ਜ਼ਰੂਰੀ ਹੈ ?

.....................................................................................................................................

.....................................................................................................................................

*(1 mark)*

**2** ਇਸ ਲੇਖ ਅਨੁਸਾਰ ਪੰਜਾਬੀ ਬੋਲੀ ਦਾ ਲੋਕਾਂ ਦੀ ਜ਼ਿੰਦਗੀ ਨਾਲ ਕੀ ਸਬੰਧ ਹੈ ? ਦੋ ਗੱਲਾਂ ਦੱਸੋ।

.....................................................................................................................................

.....................................................................................................................................

.....................................................................................................................................

*(2 marks)*

**3** ਲੇਖਕ ਨੇ ਬੋਲੀ ਦੇ ਵਿਕਾਸ ਲਈ ਵਿਰੋਧੀ ਤਾਕਤਾਂ ਦੀ ਪ੍ਰਤੀਕ੍ਰਿਆ (reaction) ਬਾਰੇ ਕੀ ਦੱਸਿਆ ਹੈ ਤੇ ਇਸ ਦਾ ਕੀ ਕਾਰਣ ਹੈ ?

.....................................................................................................................................

.....................................................................................................................................

.....................................................................................................................................

*(2 marks)*

Areas outside the box will not be scanned for marking

**4** ਪੰਜਾਬੀ ਬੋਲੀ ਦੇ ਵਿਕਾਸ ਵਿੱਚ ਗੁਰੂ ਨਾਨਕ ਦੇਵ ਜੀ ਨੇ ਕੀ ਯੋਗਦਾਨ ਪਾਇਆ ? ਤਿੰਨ ਗੱਲਾਂ ਦੱਸੋ ।

............................................................................................................................................

............................................................................................................................................

............................................................................................................................................

............................................................................................................................................

*(3 marks)*

**5** ਪੰਜਾਬੀ ਦੇ ਵਿਕਾਸ ਪ੍ਰਤੀ ਹੋਰ ਯੋਗਦਾਨ ਕਿਸ ਨੇ ਪਾਇਆ ਅਤੇ ਪੰਜਾਬੀ ਨੂੰ ਕਿੰਨੀ ਕੁ ਸਫਲਤਾ ਪ੍ਰਾਪਤ ਹੋਈ ?

............................................................................................................................................

............................................................................................................................................

............................................................................................................................................

*(2 marks)*

**6** ਆਜ਼ਾਦ ਹੋਣ ਤੋਂ ਬਾਅਦ ਪੰਜਾਬ ਵਿੱਚ ਪੰਜਾਬੀ ਦੇ ਵਿਕਾਸ ਵਿੱਚ ਕੀ ਮੁਸ਼ਕਲ ਆਈ ਅਤੇ ਇਸ ਦਾ ਸਿੱਟਾ ਕੀ ਨਿਕਲਿਆ ?

............................................................................................................................................

............................................................................................................................................

............................................................................................................................................

*(2 marks)*

**7** ਅੱਜ ਕੱਲ੍ਹ ਪੰਜਾਬ ਵਿੱਚ ਪੰਜਾਬੀ ਬੋਲੀ ਦੇ ਵਿਕਾਸ ਵਿੱਚ ਸਭ ਤੋਂ ਵੱਡੀ ਰੁਕਾਵਟ ਕਿਹੜੀ ਹੈ ?

............................................................................................................................................

............................................................................................................................................

*(1 mark)*

**Turn over ▶**

Areas outside the box will not be scanned for marking

**8** ਅੰਗਰੇਜ਼ੀ ਸਕੂਲਾਂ ਵਿੱਚ ਬੱਚੇ ਪੜ੍ਹਾਉਣ ਸਬੰਧੀ ਪੰਜਾਬੀ ਲੋਕਾਂ ਦੇ ਵਿਚਾਰਾਂ ਬਾਰੇ ਕੀ ਕਿਹਾ ਗਿਆ ਹੈ ਅਤੇ ਭਵਿੱਖ ਵਿੱਚ ਇਸ ਨਾਲ ਕਿਸ ਤਰ੍ਹਾਂ ਦੇ ਹਾਲਾਤ ਪੈਦਾ ਹੋ ਸਕਦੇ ਹਨ ?

.....................................................................................................................................

.....................................................................................................................................

.....................................................................................................................................

*(2 marks)*

**9** ਵਾਰਤਾ ਅਨੁਸਾਰ ਹੇਠ ਲਿਖੇ ਵਾਕਾਂ ਸਾਹਮਣੇ ਲਿਖੋ:

**ਠ** ਠੀਕ
**ਗ** ਗਲਤ
**?** ਪਤਾ ਨਹੀਂ

| **ਉਦਾਹਰਣ** | ਬੋਲੀ ਤੇ ਸਭਿਆਚਾਰ ਆਮ ਲੋਕਾਂ ਦੇ ਜੀਵਨ ਵਿੱਚੋਂ ਪੈਦਾ ਹੁੰਦੇ ਹਨ। | **ਠ** |
|---|---|---|
| (a) | ਮਾਂ-ਬੋਲੀ ਦਾ ਵਿਕਾਸ ਰੋਕਣ ਨਾਲ ਸਭਿਆਚਾਰਕ ਨੁਕਸਾਨ ਹੁੰਦਾ ਹੈ। | |
| (b) | ਗੁਰੂ ਨਾਨਕ ਦੇਵ ਜੀ ਨੇ ਪੰਜਾਬੀ ਦਾ ਬਹੁਤ ਵਿਕਾਸ ਕੀਤਾ। | |
| (c) | ਗੁਰੂਆਂ ਤੇ ਭਗਤਾਂ ਨੇ ਪੰਜਾਬੀ ਨੂੰ ਰਾਜਸੀ ਭਾਸ਼ਾ ਦਾ ਦਰਜਾ ਦਿਵਾਇਆ। | |
| (d) | ਆਜ਼ਾਦ ਹੋਏ ਪੰਜਾਬ ਵਿੱਚ ਪੰਜਾਬੀ ਰਾਜ ਭਾਸ਼ਾ ਬਣਾ ਦਿੱਤੀ ਗਈ। | |
| (e) | ਸਰਕਾਰੀ ਸਕੂਲ ਪੰਜਾਬੀ ਦੇ ਵਿਕਾਸ ਵਿੱਚ ਹਿੱਸਾ ਪਾ ਰਹੇ ਹਨ। | |

*(5 marks)*

Areas outside the box will not be scanned for marking

**10** ਹੇਠ ਲਿਖਿਆਂ ਦੇ ਸਮਾਨ-ਅਰਥ ਸ਼ਬਦ ਜਾਂ ਵਾਕਅੰਸ਼ ਵਾਰਤਾ ਵਿੱਚੋਂ ਲੱਭ ਕੇ ਲਿਖੋ:

| **ਉਦਾਹਰਣ** | ਸਫਲਤਾ ਪ੍ਰਾਪਤ ਕਰਦੇ ਹਨ | **ਮੱਲਾਂ ਮਾਰਦੇ ਹਨ** |
|---|---|---|
| (a) | ਉੱਨਤੀ ਰੋਕ ਦਿੱਤੀ ਜਾਵੇ | |
| (b) | ਦੁਨੀਆ | |
| (c) | ਖੇਤਰ ਵਿੱਚ | |
| (d) | ਇੱਜ਼ਤ ਵਾਲਾ ਸਥਾਨ | |
| (e) | ਅੱਜ ਕੱਲ੍ਹ ਦੇ | |

*(5 marks)*

**Turn over for the next question**

Areas outside the box will not be scanned for marking

**11** ਵਾਰਤਾ ਵਿੱਚ ਵਰਤੇ ਗਏ ਹੇਠ ਲਿਖੇ ਸ਼ਬਦਾਂ ਦੇ ਵਿਰੋਧੀ ਸ਼ਬਦ ਦੱਸ ਕੇ ਵਾਕਾਂ ਵਿੱਚ ਵਰਤੋ:

| | ਸ਼ਬਦ | ਵਿਰੋਧੀ ਸ਼ਬਦ | ਵਾਕ |
|---|---|---|---|
| **ਉਦਾਹਰਣ** | ਛੱਡਦਾ | ਫੜਦਾ | ਸਿਪਾਹੀ ਇੱਕ ਚੋਰ ਨੂੰ **ਫੜਦਾ** ਸੀ । |
| (a) | ਪਿਆਰ | | |
| (b) | ਖੜ੍ਹਨਾ | | |
| (c) | ਦਿੱਤਾ | | |
| (d) | ਨਵੇਂ | | |
| (e) | ਅਮੀਰੀ | | |

*(10 marks)*

*Knowledge of Grammar: 10 marks*

35
+
10
=
45

Areas outside the box will not be scanned for marking

**ਸੈਕਸ਼ਨ 2**

ਹੇਠ ਦਿੱਤੀ ਵਾਰਤਾ ਦਾ ਅੰਗਰੇਜ਼ੀ ਵਿੱਚ ਉਲਥਾ ਕਰੋ।

2012 ਵਿੱਚ ਹੋਣ ਵਾਲੀਆਂ ਓਲੰਪਿਕ ਖੇਡਾਂ ਇੰਗਲੈਂਡ ਵਿੱਚ ਹੋਣਗੀਆਂ। ਇਨ੍ਹਾਂ ਖੇਡਾਂ ਦਾ ਪ੍ਰਬੰਧ ਕਰਨ ਵਾਸਤੇ ਸਾਰੇ ਇੰਗਲੈਂਡ ਵਿੱਚ ਬੜੇ ਜ਼ੋਰ-ਸ਼ੋਰ ਨਾਲ ਤਿਆਰੀਆਂ ਹੋ ਰਹੀਆਂ ਹਨ। ਲੰਡਨ ਵਿੱਚ ਇੱਕ ਨਵਾਂ ਸਟੇਡੀਅਮ ਬਣਾਇਆ ਜਾ ਰਿਹਾ ਹੈ ਜਿਸ ਵਿੱਚ ਅੱਸੀ ਹਜ਼ਾਰ ਲੋਕ ਬੈਠ ਕੇ ਖੇਡਾਂ ਸ਼ੁਰੂ ਹੋਣ ਦੀ ਰਸਮ ਦੇਖ ਸਕਣਗੇ। ਓਲੰਪਿਕ ਖੇਡਾਂ ਤੋਂ ਬਾਅਦ ਇਹ ਸਟੇਡੀਅਮ ਹੋਰ ਖੇਡ ਮੁਕਾਬਲਿਆਂ ਲਈ ਵਰਤਿਆ ਜਾਵੇਗਾ।

ਖੇਡਾਂ ਦੌਰਾਨ ਲੰਡਨ ਦੇ ਸੈਂਟਰ ਤੋਂ ਇਸ ਸਟੇਡੀਅਮ ਨੂੰ ਜਾਣ ਵਾਸਤੇ ਹਰ ਪੰਦਰਾਂ ਸੈਕਿੰਡ ਬਾਅਦ ਰੇਲਗੱਡੀ ਚੱਲਿਆ ਕਰੇਗੀ। ਗੱਡੀ ਵਿੱਚ ਸਫਰ ਕਰਨ ਵਾਸਤੇ ਸਿਰਫ ਸੱਤ ਮਿੰਟ ਲੱਗਣਗੇ। ਇਸ ਵਾਸਤੇ ਨਵੀਆਂ ਰੇਲਵੇ ਲਾਈਨਾਂ ਵਿਛਾਈਆਂ ਜਾ ਰਹੀਆਂ ਹਨ ਅਤੇ ਸਟੇਡੀਅਮ ਨੇੜੇ ਇੱਕ ਨਵਾਂ ਰੇਲਵੇ ਸਟੇਸ਼ਨ 'ਓਲੰਪਿਕ ਪਾਰਕ' ਬਣਾਇਆ ਜਾ ਰਿਹਾ ਹੈ।

*(10 marks)*

..................................................................................................................................

..................................................................................................................................

..................................................................................................................................

..................................................................................................................................

..................................................................................................................................

..................................................................................................................................

..................................................................................................................................

..................................................................................................................................

..................................................................................................................................

..................................................................................................................................

..................................................................................................................................

..................................................................................................................................

..................................................................................................................................

..................................................................................................................................

10

**Turn over ▶**

Areas outside the box will not be scanned for marking

## ਸੈਕਸ਼ਨ 3

ਤੁਸੀਂ ਅਖਬਾਰ ਵਿੱਚ ਇੱਕ ਖਬਰ ਦਾ ਇਹ ਭਾਗ ਪੜ੍ਹਦੇ ਹੋ।

**ਹੈਰਾਨੀ ਦੀ ਗੱਲ ਹੈ ਕਿ ਇੰਗਲੈਂਡ ਦੇ ਲੋਕ ਯੂਰਪ ਦੇ ਸਾਰੇ ਦੇਸ਼ਾਂ ਦੇ ਲੋਕਾਂ ਨਾਲੋਂ ਜ਼ਿਆਦਾ ਚੀਜ਼ਾਂ ਕੂੜੇ ਵਿੱਚ ਸੁੱਟਦੇ ਹਨ। ਉਹ ਇਸ ਗੱਲ ਵੱਲ ਧਿਆਨ ਹੀ ਨਹੀਂ ਦਿੰਦੇ ਕਿ ਬਹੁਤ ਸਾਰੀਆਂ ਚੀਜ਼ਾਂ ਦੁਬਾਰਾ ਵਰਤੀਆਂ ਜਾ ਸਕਦੀਆਂ ਹਨ ਤੇ ਬਹੁਤੀਆਂ ਦਾ ਪੁਨਰ-ਨਿਰਮਾਣ (Recycling) ਕੀਤਾ ਜਾ ਸਕਦਾ ਹੈ।**

ਆਪਣੇ ਸਕੂਲ ਦੇ ਰਸਾਲੇ ਵਾਸਤੇ ਇੱਕ ਲੇਖ ਲਿਖੋ ਜਿਸ ਵਿੱਚ ਹੇਠ ਲਿਖੀਆਂ ਗੱਲਾਂ ਬਾਰੇ ਲਿਖਿਆ ਹੋਵੇ :

- ਜ਼ਿਆਦਾ ਚੀਜ਼ਾਂ ਕੂੜੇ ਵਿੱਚ ਸੁੱਟਣ ਦੇ ਨੁਕਸਾਨ
- ਲੋਕਾਂ ਦੀ ਇਹ ਆਦਤ ਰੋਕਣ ਵਾਸਤੇ ਕਦਮ
- ਦੁਬਾਰਾ ਵਰਤੋਂ ਤੇ ਪੁਨਰ-ਨਿਰਮਾਣ ਦੇ ਫਾਇਦੇ
- ਤੁਹਾਡੇ ਸ਼ਹਿਰ ਦੀ ਕੌਂਸਿਲ ਵਲੋਂ ਕੀਤੇ ਜਾ ਰਹੇ ਯਤਨ
- ਲੋਕਾਂ ਨੂੰ ਇਸ ਬਾਰੇ ਹੋਰ ਜਾਣਕਾਰੀ ਦੇਣ ਦੇ ਢੰਗ

*(45 marks)*

........................................................................................................................................

........................................................................................................................................

........................................................................................................................................

........................................................................................................................................

........................................................................................................................................

........................................................................................................................................

........................................................................................................................................

........................................................................................................................................

........................................................................................................................................

*Areas outside the box will not be scanned for marking*

**Turn over ▶**

Areas outside the box will not be scanned for marking

45

**END OF QUESTIONS**

**There are no questions printed on this page**

**DO NOT WRITE ON THIS PAGE**
**ANSWER IN THE SPACES PROVIDED**

**There are no questions printed on this page**

**DO NOT WRITE ON THIS PAGE**
**ANSWER IN THE SPACES PROVIDED**

ACKNOWLEDGEMENT OF COPYRIGHT-HOLDERS AND PUBLISHERS

Permission to reproduce all copyright material has been applied for. In some cases, efforts to contact copyright-holders have been unsuccessful and AQA will be happy to rectify any omissions of acknowledgements in future papers if notified.

Copyright © 2009 AQA and its licensors. All rights reserved.

General Certificate of Education
Advanced Subsidiary Examination
June 2009

# Panjabi

# PANJ1

**Unit 1 Reading and Writing**

# Insert

**Text to be used when answering Section 1**

Text for use with **Section 1**

# ਪੰਜਾਬੀ ਦੇ ਵਿਕਾਸ ਦਾ ਦੁਖਾਂਤ

ਕਿਸੇ ਵੀ ਦੇਸ਼ ਦੇ ਸਭਿਆਚਾਰ ਨੂੰ ਜਾਣਨ ਤੇ ਸਮਝਣ ਵਾਸਤੇ ਉਸ ਦੀ ਬੋਲੀ ਦਾ ਗਿਆਨ ਜ਼ਰੂਰੀ ਹੁੰਦਾ ਹੈ। ਇਸ ਨਾਲ ਹੀ ਇਨਸਾਨ ਆਪਣੇ ਰੀਤੀ ਰਿਵਾਜ਼ਾਂ ਨੂੰ ਆਉਣ ਵਾਲੀਆਂ ਪੀੜ੍ਹੀਆਂ ਲਈ ਛੱਡਦਾ ਹੈ।

ਸਭਿਆਚਾਰ ਤੇ ਬੋਲੀ ਲੋਕ ਜੀਵਨ ਵਿੱਚੋਂ ਜਨਮ ਲੈਂਦੇ ਹਨ। ਫਿਰ ਬੋਲੀ ਦੇ ਸਹਾਰੇ ਹੀ ਲੋਕ ਗਿਆਨ ਵਿਗਿਆਨ ਦੇ ਖੇਤਰ ਵਿੱਚ ਮੱਲਾਂ ਮਾਰਦੇ ਹਨ। ਕਈ ਵਾਰ ਵਿਰੋਧੀ ਤਾਕਤਾਂ ਦੇਸ਼ ਦੇ ਸਭਿਆਚਾਰ ਨੂੰ ਪਛੜਿਆ ਰੱਖਣ ਲਈ ਯਤਨ ਕਰਦੀਆਂ ਹਨ ਕਿ ਉਸ ਦੀ ਬੋਲੀ ਦਾ ਵਿਕਾਸ ਨਾ ਹੋਣ ਦਿੱਤਾ ਜਾਵੇ, ਕਿਉਂਕਿ ਕਿਸੇ ਵੀ ਕੌਮ ਦੀ ਮਾਂ ਬੋਲੀ ਲੋਕਾਂ ਦੇ ਦਿਲਾਂ ਵਿੱਚ ਆਪਣੇ ਇਤਿਹਾਸ ਅਤੇ ਰਹਿਣੀ ਬਹਿਣੀ ਲਈ ਪਿਆਰ ਪੈਦਾ ਕਰਦੀ ਹੈ।

ਪੰਜਾਬੀ ਸਦੀਆਂ ਤੋਂ ਸਭਿਆਚਾਰਕ ਹਮਲੇ ਦਾ ਸ਼ਿਕਾਰ ਹੁੰਦੀ ਆਈ ਹੈ। ਅੱਜ ਤੋਂ ਪੰਜ ਕੁ ਸੌ ਸਾਲ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਇਸ ਸੰਕਟ ਨੂੰ ਪਛਾਣਿਆ ਅਤੇ ਆਪਣੀ ਬਾਣੀ ਪੰਜਾਬੀ ਬੋਲੀ ਵਿੱਚ ਲਿਖ ਕੇ ਇਸ ਨੂੰ ਪੂਰਾ ਸਤਿਕਾਰ ਅਤੇ ਮਹੱਤਤਾ ਦਿੱਤੀ। ਉਨ੍ਹਾਂ ਨੇ ਪੰਜਾਬੀ ਨੂੰ ਸੰਸਾਰ ਦੀਆਂ ਅਮੀਰ ਬੋਲੀਆਂ ਦੇ ਪਿੜ ਵਿੱਚ ਲਿਆ ਖੜਾ ਕੀਤਾ। ਹੋਰ ਗੁਰੂਆਂ ਤੇ ਭਗਤਾਂ ਨੇ ਵੀ ਪੰਜਾਬੀ ਬੋਲੀ ਦੇ ਵਿਕਾਸ ਵਿੱਚ ਯੋਗਦਾਨ ਪਾਇਆ, ਪਰ ਰਾਜਸੀ ਚੌਧਰ ਫਾਰਸੀ ਜਾਂ ਉਰਦੂ ਦੀ ਹੀ ਬਣੀ ਰਹੀ। ਇਸ ਦੇ ਸਿੱਟੇ ਵਜੋਂ ਪੰਜਾਬੀ, ਲੋਕ ਜੀਵਨ ਅਤੇ ਧਾਰਮਿਕ ਪੱਧਰ ਤੇ ਹੀ ਜਿਉਂਦੀ ਰਹੀ, ਪਰ ਉੱਚ ਵਿਦਿਆ ਦੀ ਪ੍ਰਾਪਤੀ ਦਾ ਮਾਧਿਅਮ ਜਾਂ ਰੁਜ਼ਗਾਰ ਦੇਣ ਵਾਲੀ ਭਾਸ਼ਾ ਨਾ ਬਣ ਸਕੀ।

ਆਜ਼ਾਦ ਹੋਣ ਬਾਅਦ ਇਹ ਸੋਚਣਾ ਸੁਭਾਵਿਕ ਸੀ ਕਿ ਵੰਡੇ ਹੋਏ ਪੰਜਾਬ ਵਿੱਚ ਪੰਜਾਬੀ ਨੂੰ ਰਾਜ ਭਾਸ਼ਾ ਦਾ ਰੁਤਬਾ ਮਿਲੇਗਾ। ਇਸ ਵੇਲੇ ਪੰਜਾਬੀ ਦੇ ਵਿਕਾਸ ਦੇ ਰਾਹ ਵਿੱਚ ਹੋਰ ਰੋੜਾ ਅਟਕਾਇਆ ਗਿਆ ਅਤੇ ਪੰਜਾਬ ਦੀਆਂ ਗਲੀਆਂ ਵਿੱਚ 'ਹਮਾਰੀ ਭਾਸ਼ਾ ਹਿੰਦੀ ਹੈ' ਦੇ ਨਾਅਰੇ ਲੱਗਣੇ ਸ਼ੁਰੂ ਹੋ ਗਏ। ਇਸ ਨਾਲ ਇੱਕ ਵਾਰ ਫਿਰ ਪੰਜਾਬੀ ਨੂੰ ਰਾਜ ਭਾਸ਼ਾ ਬਣਾਉਣ ਦਾ ਸੁਪਨਾ ਅਧੂਰਾ ਰਹਿ ਗਿਆ। ਪਰ ਇਸ ਕਾਂਡ ਨੇ ਪੰਜਾਬੀਆਂ ਨੂੰ ਦੋ ਧੜਿਆਂ ਵਿੱਚ ਵੰਡ ਕੇ ਪੰਜਾਬ ਦੇ ਸਮਾਜ ਵਿੱਚ ਡੂੰਘੀ ਤਰੇੜ ਪਾ ਦਿੱਤੀ।

ਹੁਣ ਪੰਜਾਬ ਵਿੱਚ ਪੰਜਾਬੀ ਦੇ ਵਿਕਾਸ ਵਿੱਚ ਨਵੀਂ ਸਮੱਸਿਆ ਪੈਦਾ ਹੋ ਗਈ ਹੈ। ਇਹ ਸਮੱਸਿਆ ਅੰਗਰੇਜ਼ੀ ਮਾਧਿਅਮ ਰਾਹੀਂ ਸਿੱਖਿਆ ਦੇਣ ਵਾਲੇ ਸਕੂਲਾਂ ਦੀ ਵਧ ਰਹੀ ਗਿਣਤੀ ਨੇ ਪੈਦਾ ਕੀਤੀ ਹੈ। ਪੰਜਾਬ ਦੇ ਅਜੋਕੇ ਸਮਾਜ ਵਿੱਚ ਬੱਚਿਆਂ ਨੂੰ ਇਨ੍ਹਾਂ ਸਕੂਲਾਂ ਵਿੱਚ ਪੜ੍ਹਾਉਣਾ ਇੱਜ਼ਤ ਤੇ ਅਮੀਰੀ ਦੀ ਨਿਸ਼ਾਨੀ ਸਮਝਿਆ ਜਾਣ ਲੱਗ ਪਿਆ ਹੈ। ਜੇ ਲੋਕਾਂ ਨੇ ਆਪਣੀ ਸੋਚ ਨਾ ਬਦਲੀ ਤਾਂ ਮਾਂ-ਬੋਲੀ ਪੰਜਾਬੀ ਸਿਰਫ ਘਰਾਂ ਵਿੱਚ ਭਾਂਡੇ ਮਾਂਜਣ ਤੇ ਸਫਾਈ ਕਰਨ ਵਾਲਿਆਂ ਦੀ ਬੋਲੀ ਬਣ ਕੇ ਰਹਿ ਜਾਵੇਗੀ।

Copyright © 2009 AQA and its licensors. All rights reserved.